NHS
Birmingham and Solihull
Clinical Commissioning Group

# ਪੁਰਸ਼ ਲਿੰਗ ਵਾਲੇ ਬੱਚਿਆਂ ਲਈ ਸੁੰਨਤ ਸੇਵਾਵਾਂ

## ਬ੍ਰਮਿੰਘਮ ਅਤੇ ਸੋਲੀਹੱਲ ਵਿਚ

### ਆਪਣੇ ਬੇਟੇ ਲਈ ਸਹੀ ਵਿਕਲਪ ਚੁਣਨ ਲਈ ਗਾਈਡ

ਜੇ ਤੁਸੀਂ ਆਪਣੇ ਬੱਚੇ ਦੀ ਸੁੰਨਤ ਕਰਵਾਉਣ ਬਾਰੇ ਸੋਚ ਰਹੇ ਹੋ, ਤਾਂ ਇਹ ਪਰਚਾ ਇਹ ਨਿਰਣਾ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਕਿਹੜੀ ਸੇਵਾ ਦੀ ਵਰਤੋਂ ਕੀਤੀ ਜਾਵੇ।

# ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

ਭਾਵੇਂ ਕਿ ਬਹੁਤੇ ਮੁੰਡੇ ਬਿਨਾਂ ਕਿਸੇ ਸਮੱਸਿਆ ਦੇ ਠੀਕ ਹੋ ਜਾਂਦੇ ਹਨ, ਹੋਰ ਅਪ੍ਰੇਸ਼ਨਾਂ ਦੀ ਤਰ੍ਹਾਂ ਸੁੰਨਤ ਦੇ ਵਿਚ ਨੁਕਸਾਨ ਦਾ ਜ਼ੋਖਮ ਹੁੰਦਾ ਹੈ। ਤੁਹਾਨੂੰ ਜ਼ੋਖਮਾਂ ਬਾਰੇ ਪੂਰੀ ਤਰ੍ਹਾਂ ਵਿਚਾਰ ਕਰਨਾ ਚਾਹੀਦਾ ਹੈ ਅਤੇ ਜੇ ਤੁਸੀਂ ਫਿਰ ਵੀ ਸੁੰਨਤ ਕਰਵਾਉਣੀ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਪ੍ਰੈਕਟੀਸ਼ਨਰ ਨੂੰ ਧਿਆਨ ਨਾਲ ਚੁਣਨਾ ਚਾਹੀਦਾ ਹੈ।

ਐਨ ਐਚ ਐਸ (NHS) ਚਿਕਿਤਸਕੀ ਤੌਰ ਤੇ ਜ਼ਰੂਰੀ ਸੁੰਨਤ ਲਈ ਭੁਗਤਾਨ ਕਰਦੀ ਹੈ - ਇਸ ਤਰ੍ਹਾਂ ਦੇ ਮੌਕੇ ਬਹੁਤ ਘੱਟ ਹੁੰਦੇ ਹਨ ਅਤੇ ਇਸ ਵਿਚ ਧਾਰਮਿਕ ਅਤੇ ਸਭਿਆਚਾਰਕ ਮਕਸਦਾਂ ਦੇ ਲਈ ਕੀਤੇ ਗਏ ਅਪ੍ਰੇਸ਼ਨ ਸ਼ਾਮਲ ਨਹੀਂ ਹੁੰਦੇ।

ਜਨਰਲ ਮੈਡੀਕਲ ਕਾਊਂਸਿਲ (ਜੀ ਐਮ ਸੀ) (General Medical Council, GMC) ਇਹ ਸਵੀਕਾਰ ਕਰਦੀ ਹੈ ਕਿ ਧਾਰਮਿਕ ਅਤੇ ਸਭਿਆਚਾਰਕ ਕਾਰਨਾਂ ਦੇ ਲਈ ਮਰਦਾਂ ਦੀ ਸੁੰਨਤ ਕੀਤੀ ਜਾ ਸਕਦੀ ਹੈ। ਅਸੀਂ ਇਹ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਇਹ ਜਾਂਚ ਲਓ ਕਿ ਇਸ ਅਪ੍ਰੇਸ਼ਨ ਨੂੰ ਕਰਨ ਵਾਲਾ ਡਾਕਟਰ ਜੀ ਐਮ ਸੀ (GMC) ਦੇ ਕੋਲ ਰਜਿਸਟਰਡ ਹੈ ਅਤੇ ਉਹ ਸੇਵਾ ਜਿਸਦੀ ਵਰਤੋਂ ਕਰਨ ਦਾ ਤੁਸੀਂ ਫੈਸਲਾ ਕਰਦੇ ਹੋ ਉਹ ਕੇਅਰ ਕੁਆਲਿਟੀ ਕਮਿਸ਼ਨ (ਸੀ ਕਿਉ ਸੀ) (Care Quality Commission, CQC) ਦੁਆਰਾ ਭਰੋਸਾ ਜਤਾਈ ਗਈ ਸੇਵਾ ਹੈ।

ਇਸ ਗੱਲ ਦੀ ਬਹੁਤੀ ਸੰਭਾਵਨਾ ਹੈ ਕਿ ਤੁਹਾਨੂੰ ਸੁੰਨਤ ਦੇ ਲਈ ਭੁਗਤਾਨ ਕਰਨ ਦੀ ਲੋੜ ਹੋਵੇਗੀ, ਇਸ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ ਇਸ ਅਪ੍ਰੇਸ਼ਨ ਤੋਂ ਪਹਿਲਾਂ ਕੁੱਲ ਕੀਮਤ ਦੇ ਲਈ ਲਿਖਤੀ ਰੂਪ ਵਿੱਚ ਸਹਿਮਤ ਹੋ ਗਏ ਹੋ।

## ਉਮਰ

ਅਸੀਂ ਇਹ ਸਿਫ਼ਾਰਸ਼ ਕਰਦੇ ਹਾਂ ਕਿ ਤੁਹਾਡੇ ਮੁੰਡੇ ਦੀ ਸੁੰਨਤ ਉਸਦੀ ਛੋਟੀ ਉਮਰ ਵਿਚ ਜਿੰਨੀ ਜਲਦੀ ਹੋ ਸਕੇ ਕੀਤੀ ਜਾਵੇ। ਇਸ ਕਰਕੇ, ਸਲਾਹ ਦੇ ਲਈ ਆਪਣੇ ਪ੍ਰੈਕਟੀਸ਼ਨਰ ਨਾਲ ਪਹਿਲਾਂ ਸੰਪਰਕ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਜੇ ਤੁਹਾਡਾ ਬੇਟਾ ਵੱਡੀ ਉਮਰ ਦਾ ਹੈ ਜਾਂ ਜੇ ਤੁਸੀਂ ਉਸਦੀ ਬਾਲਗ ਉਮਰ ਵਿਚ ਸੁੰਨਤ ਕਰਵਾਉਣ ਬਾਰੇ ਵਿਚਾਰ ਕਰ ਰਹੇ ਹੋ, ਤਾਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸੁੰਨਤ ਨੂੰ ਹਸਪਤਾਲ ਤੋਂ ਬਾਹਰ ਕਿਤੇ ਹੋਰ ਨਾ ਕਰਵਾਇਆ ਜਾਵੇ, ਇਸ ਕਰਕੇ ਆਪਣੇ ਵਿਕਲਪਾਂ ਬਾਰੇ ਕਿਰਪਾ ਕਰਕੇ ਆਪਣੇ ਜੀ ਪੀ (GP) ਨਾਲ ਵਿਚਾਰ ਕਰੋ।

## ਸਹਿਮਤੀ

ਅਪ੍ਰੇਸ਼ਨ ਕਰਵਾਉਣ ਤੋਂ ਪਹਿਲਾਂ ਦੋਵੇਂ ਮਾਪਿਆਂ ਅਤੇ/ਉਹ ਦੇਖਭਾਲ ਕਰਤਾ ਜਿਸ ਕੋਲ ਮਾਪਿਆਂ ਵਾਲੀ ਜ਼ਿੰਮੇਵਾਰੀ ਹੈ, ਦੁਆਰਾ ਸਹਿਮਤੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ। ਸਹਿਮਤੀ ਦਾ ਮਤਲਬ ਇਹ ਹੈ ਕਿ ਤੁਸੀਂ ਆਪਣੇ ਬੇਟੇ ਦੀ ਸੁੰਨਤ ਕਰਵਾਉਣੀ ਚਾਹੁੰਦੇ ਹੋ ਅਤੇ ਇਹ ਕਿ ਅਪ੍ਰੇਸ਼ਨ ਅਤੇ ਸੰਭਾਵਤ ਜ਼ੋਖਮਾਂ ਦੇ ਬਾਰੇ ਤੁਹਾਨੂੰ ਵਰਣਨ ਕਰ ਦਿੱਤਾ ਗਿਆ ਹੈ।

ਤੁਹਾਨੂੰ ਪ੍ਰਸ਼ਨ ਪੁੱਛਣ ਦੇ ਲਈ ਨਿਝਿਜਕ ਰਹਿਣਾ ਚਾਹੀਦਾ ਹੈ। ਸਾਰੇ ਚੰਗੇ ਪ੍ਰੈਕਟੀਸ਼ਨਰ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦੇਣ ਵਿਚ ਖੁਸ਼ੀ ਮਹਿਸੂਸ ਕਰਨਗੇ। ਤੁਹਾਨੂੰ ਤੁਹਾਡੇ ਦੁਆਰਾ ਵਰਤੇ ਜਾ ਰਹੇ ਪ੍ਰੈਕਟੀਸ਼ਨਰ ਉੱਤੇ ਭਰੋਸਾ ਹੋਣਾ ਚਾਹੀਦਾ ਹੈ।

ਸੁੰਨਤ ਕਰਨ ਤੋਂ ਪਹਿਲਾਂ ਪ੍ਰੈਕਟੀਸ਼ਨਰ ਨੂੰ ਤੁਹਾਡੇ ਬੇਟੇ ਦੀ ਸਿਹਤ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਦੇ ਪਿਛੋਕੜ ਬਾਰੇ ਪੁੱਛਣਾ ਚਾਹੀਦਾ ਹੈ। ਸੁੰਨਤ ਕਰਵਾਉਣ ਤੋਂ ਪਹਿਲਾਂ ਤੁਹਾਡੇ ਬੇਟੇ ਦੀ ਸਿਹਤ ਠੀਕ ਹੋਣੀ ਚਾਹੀਦੀ ਹੈ।

## ਆਪਣੇ ਬੇਟੇ ਦੀ ਸੁੰਨਤ ਕਰਵਾਉਣ ਲਈ ਮੈਂ ਕਿੱਥੇ ਜਾ ਸਕਦਾ/ਦੀ ਹਾਂ?

ਸੀ ਕਿਉ ਸੀ (CQC) ਦੁਆਰਾ ਪੰਜੀਕ੍ਰਿਤ ਸੁੰਨਤ ਕਰਨ ਵਾਲੇ ਬਹੁਤ ਸਾਰੇ ਪ੍ਰੈਕਟੀਸ਼ਨਰ ਹਨ ਜੋ ਬ੍ਰਮਿੰਘਮ ਅਤੇ ਸੋਲੀਹੱਲ, ਜਾਂ ਹੋਰ ਇਲਾਕਿਆਂ ਵਿਚ ਅਪ੍ਰੇਸ਼ਨ ਕਰ ਸਕਦੇ ਹਨ।

ਹੋਰ ਵੇਰਵਿਆਂ ਦੇ ਲਈ ਕਿਰਪਾ ਕਰਕੇ **www.cqc.org.uk/search** ਤੇ ਦੇਖੋ ਅਤੇ "circumcision" ਅਤੇ ਇਲਾਕੇ ਜਾਂ ਟਿਕਾਣੇ ਨੂੰ ਟਾਇਪ ਕਰੋ।

## ਸੁੰਨਤ ਦੇ ਸਮੇਂ ਹਾਜ਼ਰ ਰਹਿਣਾ

ਜੇ ਤੁਸੀਂ ਆਪਣੇ ਬੇਟੇ ਦੀ ਸੁੰਨਤ ਦੇ ਸਮੇਂ ਆਪਣੇ ਬੇਟੇ ਦੇ ਨਾਲ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ ਉਸ ਵਿਅਕਤੀ ਦੇ ਨਾਲ ਇਸ ਬਾਰੇ ਗੱਲ ਕਰਨੀ ਪਵੇਗੀ ਜੋ ਸੁੰਨਤ ਕਰੇਗਾ। ਸਾਰੇ ਪ੍ਰੈਕਟੀਸ਼ਨਰ ਤਾਂ ਨਹੀਂ, ਪਰ ਕੁਝ ਤੁਹਾਡੇ ਹਾਜ਼ਰ ਹੋਣ ਤੇ ਖੁਸ਼ੀ ਮਹਿਸੂਸ ਕਰਨਗੇ, ਇਸ ਕਰਕੇ ਜਦੋਂ ਤੁਸੀਂ ਉਨ੍ਹਾਂ ਨਾਲ ਪਹਿਲੀ ਵਾਰ ਸੰਪਰਕ ਕਰਦੇ ਹੋ ਤਾਂ ਇਸ ਬਾਰੇ ਚਰਚਾ ਕਰ ਲਵੋ।

## ਸਾਫ਼ ਅਤੇ ਕੀਟਾਣੂੰ ਰਹਿਤ

ਥਾਂ ਸਾਫ਼ ਹੋਣੀ ਚਾਹੀਦੀ ਹੈ। ਕੀਟਾਣੂੰ ਰਹਿਤ, ਇਕਹਰੀ ਵਰਤੋਂ ਵਾਲੇ ਸਮਾਨ ਨੂੰ ਵਰਤਿਆ ਜਾਣਾ ਚਾਹੀਦਾ ਹੈ ਤਾਂ ਜੋ ਤੁਹਾਡੇ ਬੇਟੇ ਨੂੰ ਲਾਗ ਵਿਕਸਤ ਹੋਣ ਦੇ ਜ਼ੋਖਮ ਨੂੰ ਘਟਾਇਆ ਜਾ ਸਕੇ। ਇਕ ਚੰਗਾ ਪ੍ਰੈਕਟੀਸ਼ਨਰ ਉਨ੍ਹਾਂ ਉਪਕਰਣਾਂ ਅਤੇ ਤਕਨੀਕਾਂ ਦੀ ਵਰਤੋਂ ਕਰੇਗਾ ਜਿਨ੍ਹਾਂ ਨੂੰ ਅਪ੍ਰੇਸ਼ਨ ਨੂੰ ਜਿੰਨਾ ਸੰਭਵ ਹੋ ਸਕੇ ਓਨਾ ਸੁਰੱਖਿਅਤ ਬਣਾਉਣ ਲਈ ਡਿਜ਼ਾਇਨ ਕੀਤਾ ਗਿਆ ਹੈ।

ਹੋ ਸਕਦਾ ਹੈ ਕਿ ਤੁਸੀਂ ਸੁੰਨਤ ਨੂੰ ਪਰਿਵਾਰਕ ਜਸ਼ਨ ਦਾ ਮੌਕਾ ਬਣਾਉਣਾ ਚਾਹੋ, ਪਰ ਯਾਦ ਰੱਖੋ, ਸੁੰਨਤ ਕਰਨਾ ਇਕ ਅਪ੍ਰੇਸ਼ਨ ਹੈ ਅਤੇ ਇਕ ਢੁੱਕਵੇਂ ਮਾਹੌਲ ਵਿਚ ਕੀਤਾ ਜਾਣਾ ਚਾਹੀਦਾ ਹੈ ਜੋ ਕਿ ਸ਼ਾਂਤ ਅਤੇ ਕੀਟਾਣੂੰ ਰਹਿਤ ਉਪਕਰਣਾਂ ਨਾਲ ਸਾਫ਼ ਹੈ।

## ਦਰਦ ਦਾ ਪ੍ਰਬੰਧਨ

ਸੁੰਨਤ ਕਰਵਾਉਣਾ ਤੁਹਾਡੇ ਬੇਟੇ ਲਈ ਦਰਦਨਾਕ ਹੋ ਸਕਦਾ ਹੈ। ਤੁਹਾਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਸੁੰਨਤ ਦੇ ਦੌਰਾਨ ਦਰਦ ਨੂੰ ਕਿਸ ਤਰ੍ਹਾਂ ਸੰਭਾਲਿਆ ਜਾਵੇਗਾ ਅਤੇ ਬਾਅਦ ਵਿਚ ਘਰ ਵਿਚ ਦਰਦ ਨੂੰ ਕਿਵੇਂ ਘਟਾਉਣਾ ਹੈ।

## ਦੇਖਭਾਲ ਦੇ ਬਾਅਦ

ਤੁਹਾਡੇ ਬੇਟੇ ਨੂੰ ਸੁੰਨਤ ਦੇ ਕਾਰਨ ਵੱਗਦੇ ਖੂਨ ਦੇ ਰੁਕਣ ਤੋਂ ਘੱਟੋ ਘੱਟ 30 ਮਿੰਟ ਬਾਅਦ ਉਸੇ ਥਾਂ ਤੇ ਰੱਖਿਆ ਜਾਣਾ ਚਾਹੀਦਾ ਹੈ। ਅਮਲੇ ਨੂੰ ਤੁਹਾਡੇ ਨਾਲ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਕਿ ਅੱਗੇ ਕੀ ਵਾਪਰੇਗਾ ਅਤੇ ਤੁਸੀਂ ਆਪਣੇ ਬੇਟੇ ਦੀ ਦੇਖਭਾਲ ਕਿਵੇਂ ਕਰਨੀ ਹੈ। ਜਦੋਂ ਤੁਸੀਂ ਆਪਣੇ ਘਰ ਜਾਂਦੇ ਹੋ, ਤਾਂ ਤੁਹਾਨੂੰ ਇਸ ਬਾਰੇ ਵਿਸਤ੍ਰਿਤ ਪਰਚਾ ਦਿੱਤਾ ਜਾਣਾ ਚਾਹੀਦਾ ਹੈ ਕਿ ਆਪਣੇ ਬੇਟੇ ਦੀ ਦੇਖਭਾਲ ਕਿਵੇਂ ਕਰਨੀ ਹੈ, ਇਸ ਵਿਚ ਇਹ ਵੀ ਸ਼ਾਮਲ ਹੋਏਗਾ ਕਿ ਮਦਦ ਕਦੋਂ ਅਤੇ ਕਿੱਥੋਂ ਮੰਗਣੀ ਹੈ, ਅਤੇ ਕਿਹੜੇ ਲੱਛਣਾਂ ਦਾ ਧਿਆਨ ਰੱਖਣਾ ਹੈ। ਤੁਹਾਨੂੰ ਸੰਪਰਕ ਕਰਨ ਦੇ ਨਿਰਧਾਰਤ ਸਮਿਆਂ ਤੋਂ ਬਾਅਦ ਸੰਪਰਕ ਕਰਨ ਲਈ ਸੰਪਰਕ ਨੰਬਰ ਦਿੱਤਾ ਜਾਣਾ ਚਾਹੀਦਾ ਹੈ।

ਜੇ ਤੁਸੀਂ ਸੁੰਨਤ ਕਰਵਾਉਣ ਦੇ ਬਾਅਦ ਆਪਣੇ ਬੇਟੇ ਲਈ ਚਿੰਤਤ ਹੋ, ਤਾਂ ਤੁਹਾਨੂੰ ਤੁਰੰਤ ਪ੍ਰੈਕਟੀਸ਼ਨਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਸੀਂ ਉਨ੍ਹਾਂ ਨਾਲ ਸੰਪਰਕ ਨਹੀਂ ਕਰ ਸਕਦੇ, ਜਾਂ ਜੇ ਉਨ੍ਹਾਂ ਦੀ ਸਲਾਹ ਨਾਲ ਖੁਸ਼ ਨਹੀਂ ਹੋ, ਤਾਂ ਤੁਹਾਨੂੰ ਐਨ ਐਚ ਐਸ (NHS) 111 ਨੂੰ ਕਾੱਲ ਕਰਨੀ ਚਾਹੀਦੀ ਹੈ ਜਾਂ ਆਪਣੇ ਬੇਟੇ ਨੂੰ ਸਥਾਨਕ ਏ ਐਂਡ ਈ (A&E) ਲੈ ਜਾਣਾ ਚਾਹੀਦਾ ਹੈ।

ਯਾਦ ਰੱਖੋ, ਜੇ ਤੁਸੀਂ ਸੁੰਨਤ ਕਰਵਾਉਣ ਲਈ ਪਹੁੰਚਦੇ ਹੋ ਅਤੇ ਤੁਸੀਂ ਕਿਸੇ ਚੀਜ਼ ਬਾਰੇ ਸੰਤੁਸ਼ਟ ਨਹੀਂ ਹੋ ਜਾਂ ਕਿਸੇ ਕਾਰਨ ਆਪਣੇ ਬੇਟੇ ਦੀ ਸਿਹਤ ਪ੍ਰਤੀ ਚਿੰਤਤ ਹੋ, ਤਾਂ ਤੁਹਾਡੇ ਲਈ ਉਸ ਸਮੇਂ ਸੁੰਨਤ ਕਰਵਾਉਣਾ ਜ਼ਰੂਰੀ ਨਹੀਂ ਹੈ। ਕੋਈ ਵੀ ਚੰਗਾ ਪ੍ਰੈਕਟੀਸ਼ਨਰ ਤੁਹਾਡੀਆਂ ਚਿੰਤਾਵਾਂ ਨੂੰ ਸੁਣੇਗਾ ਅਤੇ ਜੇ ਇਹ ਤੁਹਾਡੀ ਇੱਛਾ ਹੈ ਤਾਂ ਇਸ ਮੁਲਾਕਾਤ ਨੂੰ ਰੱਦ ਕਰ ਦੇਵੇਗਾ ਜਾਂ ਕਿਸੇ ਹੋਰ ਸਮੇਂ ਲਈ ਮੁੜ ਨਿਰਧਾਰਤ ਕਰ ਦੇਵੇਗਾ।

## ਸ਼ਿਕਾਇਤਾਂ

ਜੇ ਤੁਸੀਂ ਪ੍ਰਾਪਤ ਕੀਤੀ ਗਈ ਸੇਵਾ ਤੋਂ ਨਾਖੁਸ਼ ਹੋ ਤਾਂ ਪਹਿਲਾਂ ਉਸ ਪ੍ਰੈਕਟੀਸ਼ਨਰ ਨਾਲ ਗੱਲ ਕਰੋ ਜਿਸਨੇ ਸੁੰਨਤ ਕੀਤੀ ਸੀ। ਜੇ ਤੁਸੀਂ ਉਨ੍ਹਾਂ ਦੇ ਜੁਆਬ ਨਾਲ ਖੁਸ਼ ਨਹੀਂ ਹੋ, ਤਾਂ ਤੁਸੀਂ ਜਾਂ ਤਾਂ ਜਨਰਲ ਮੈਡੀਕਲ ਕਾਉਂਸਿਲ (General Medical Council) ਜਾਂ ਨਰਸਿੰਗ ਐਂਡ ਮਿਡਵਾਇਫਰੀ ਕਾਉਂਸਿਲ (Nursing and Midwifery Council) ਨਾਲ ਸੰਪਰਕ ਕਰ ਸਕਦੇ ਹੋ।

## ਔਰਤ ਦਾ ਖਤਨਾ

ਫੀਮੇਲ ਜੇਨਿਟਲ ਮਿਊਟੀਲੇਸ਼ਨ ਐਕਟ (2003) ਦੇ ਅਧੀਨ ਔਰਤ ਦਾ ਖਤਨਾ (ਐਫ਼ ਜੀ ਸੀ) (FGC) ਕਰਨਾ ਗੈਰਕਾਨੂੰਨੀ ਹੈ - ਐਫ਼ ਜੀ ਸੀ (FGC) ਲਈ ਪ੍ਰਬੰਧ ਕਰਨ ਜਾਂ ਇਸਨੂੰ ਕਰਨ ਕਰਕੇ ਤੁਹਾਡੇ ਤੇ ਯੂ ਕੇ (UK) ਜਾਂ ਕਿਸੇ ਹੋਰ ਦੇਸ਼ ਵਿਚ ਮੁਕੱਦਮਾ ਚਲਾਇਆ ਜਾ ਸਕਦਾ ਹੈ। ਦੋਸ਼ੀ ਪਾਇਆ ਗਿਆ ਕੋਈ ਵੀ ਵਿਅਕਤੀ 14 ਸਾਲ ਦੀ ਕੈਦ ਦੀ ਅਧਿਕਤਮ ਸਜ਼ਾ ਦਾ ਸਾਹਮਣਾ ਕਰਦਾ ਹੈ।



ਔਰਤਾਂ ਦੇ ਖਤਨੇ ਦੇ ਕੋਈ ਚਿਕਿਤਸਕ ਲਾਭ ਨਹੀਂ ਹਨ।

## ਬੱਚੇ ਦੀ ਸੁਰੱਖਿਆ

ਜੇ ਤੁਸੀਂ ਚਿੰਤਤ ਹੋ ਜਾਂ ਜੇ ਤੁਹਾਨੂੰ ਇਸ ਬਾਰੇ ਚਿੰਤਾ ਹੈ ਕਿ ਕਿਸੇ ਬੱਚੇ ਜਾਂ ਘੱਟ ਉਮਰ ਦੇ ਵਿਅਕਤੀ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ, ਉਸਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ ਜਾਂ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ:

- ਸੋਲੀਹੱਲ ਮੈਸ਼ (MASH) ਟੀਮ ਨਾਲ 0121 788 4300 ਤੇ (ਸੋਮਵਾਰ ਤੋਂ ਵੀਰਵਾਰ ਸਵੇਰੇ 8.45-ਸ਼ਾਮ 5.20, ਸ਼ੁੱਕਰਵਾਰ ਸਵੇਰੇ 8.45- ਸ਼ਾਮ 4.30)। ਜੇ ਤੁਸੀਂ ਨਿਰਧਾਰਤ ਸਮਿਆਂ ਤੋਂ ਬਾਅਦ (ਦੇਰ ਸ਼ਾਮ, ਹਫ਼ਤੇ ਦੇ ਅਖਰੀਲੇ ਦਿਨ ਜਾਂ ਬੈਂਕ ਛੁੱਟੀਆਂ) ਕਾੱਲ ਕਰ ਰਹੇ ਹੋ ਤਾਂ ਐਮਰਜੈਂਸੀ ਡਿਊਟੀ ਟੀਮ ਨੂੰ ਇੱਥੇ ਕਾੱਲ ਕਰੋ 0121 605 6060।

- ਬ੍ਰਮਿੰਘਮ ਚਿਲਡਰਨ'ਜ਼ ਅਡਵਾਇਸ ਐਂਡ ਸਪੋਰਟ ਸਰਵਿਸ (ਸੀ ਏ ਐਸ ਐਸ) (Children's Advice & Support Service, CASS) ਨਾਲ 0121 303 1888 ਤੇ। ਜੇ ਤੁਸੀਂ ਕੰਮਕਾਰੀ ਘੰਟਿਆਂ ਤੋਂ ਬਾਅਦ (ਦੇਰ ਸ਼ਾਮ, ਹਫ਼ਤੇ ਦੇ ਅਖਰੀਲੇ ਦਿਨ ਜਾਂ ਬੈਂਕ ਛੁੱਟੀਆਂ) ਕਾੱਲ ਕਰ ਰਹੇ ਹੋ ਤਾਂ ਐਮਰਜੈਂਸੀ ਡਿਊਟੀ ਟੀਮ ਨੂੰ ਇੱਥੇ ਕਾੱਲ ਕਰੋ 0121 675 4806.

ਜੇ ਤੁਹਾਨੂੰ ਕਿਸੇ ਅਜਿਹੇ ਬਾਲਗ ਬਾਰੇ ਚਿੰਤਾ ਹੈ ਜੋ ਆਪਣੇ ਕੰਮ ਦੇ ਸਥਾਨ ਤੇ ਭੁਗਤਾਨ ਪ੍ਰਾਪਤ ਕਰਨ ਵਾਲੇ ਜਾਂ ਸਵੈਸੇਵੀ ਦੇ ਤੌਰ ਤੇ ਬੱਚਿਆਂ ਨਾਲ ਕੰਮ ਕਰਦਾ ਹੈ ਜਾਂ ਸਿੱਧੇ ਸੰਪਰਕ ਵਿਚ ਹੈ - ਕਿਰਪਾ ਕਰਕੇ ਇੱਥੇ ਦੇਖੋ:

**http://www.lscbbirmingham.org.uk/**

**http://solihulllscb.co.uk/report-abuse.php**

## ਸੀ ਸੀ ਜੀ (CCG) ਨਾਲ ਸੰਪਰਕ ਕਰਨਾ

ਜੇ ਤੁਸੀਂ ਐਨ ਐਚ ਐਸ ਬ੍ਰਮਿੰਘਮ ਅਤੇ ਸੋਲੀਹੱਲ ਸੀ ਸੀ ਜੀ (CCG) ਨਾਲ ਸੰਪਰਕ ਕਰਨਾ ਚਾਹੁੰਦੇ ਹੋ ਤਾਂ ਤੁਸੀਂ 0121 203 3300 ਨੂੰ ਕਾੱਲ ਕਰ ਸਕੇ ਹੋ ਜਾਂ ਇੱਥੇ ਈਮੇਲ ਭੇਜੋ **bsol.comms@nhs.net**

# ਸੁੰਨਤ ਸਬੰਧੀ ਸੇਵਾ ਦੀ ਚੋਣ ਕਰਦੇ ਸਮੇਂ ਤੁਸੀਂ ਕੁਝ ਪ੍ਰਸ਼ਨ ਪੁੱਛਣਾ ਚਾਹ ਸਕਦੇ ਹੋ

## ਕੀ ਪ੍ਰਦਾਤਾ ਨੇ ਸੁੰਨਤ ਦੇ ਕਾਫ਼ੀ ਸਫ਼ਲ ਅਪ੍ਰੇਸ਼ਨ ਕੀਤੇ ਹਨ?

ਸੁੰਨਤ ਕਰਨ ਵਾਲੇ ਜਿੰਨੇ ਜ਼ਿਆਦਾ ਅਪ੍ਰੇਸ਼ਨ ਕਰਦੇ ਹਨ, ਆਮ ਤੌਰ ਤੇ ਇਹ ਦਰਸਾਉਂਦਾ ਹੈ ਕਿ ਪ੍ਰਕ੍ਰਿਆ ਸੁਰੱਖਿਅਤ ਹੈ। ਸਾਲ ਵਿਚ ਘੱਟੋ ਘੱਟ 20 ਅਪ੍ਰੇਸ਼ਨ ਕੀਤੇ ਹੋਣੇ ਚਾਹੀਦੇ ਹਨ, ਪਰ ਇਹ ਨੰਬਰ ਜਿੰਨਾ ਜ਼ਿਆਦਾ ਹੋਏਗਾ ਓਨਾ ਹੀ ਵਧੀਆ ਹੋਏਗਾ।

## ਕੀ ਪ੍ਰਦਾਤਾ ਕੇਅਰ ਕੁਆਲਿਟੀ ਕਮਿਸ਼ਨ (ਸੀ ਕਿਉ ਸੀ) (Care Quality Commission, CQC) ਦੇ ਨਾਲ ਰਜਿਸਟਰਡ ਹੈ?

ਇਹ ਸਿਹਤ ਦੇਖਭਾਲ ਦੇ ਪ੍ਰਦਾਤਿਆਂ ਦਾ ਰੈਗੂਲੈਟਰ ਹੈ ਅਤੇ ਡਾਕਟਰਾਂ ਜਾਂ ਨਰਸਾਂ ਨਾਲ ਸਬੰਧਤ ਸੁੰਨਤ ਦੀਆਂ ਸੇਵਾਵਾਂ ਰਜਿਸਟਰਡ ਹੋਣੀਆਂ ਚਾਹੀਦੀਆਂ ਹਨ। ਵੈਬਸਾਇਟ ਇੱਥੇ ਦੇਖੋ www.cqc.org.uk ਜਾਂ ਕੱਲ ਕਰੋ 03000 616161।

## ਸੁੰਨਤ ਕਰਨ ਵਾਲੇ ਵਿਅਕਤੀ ਦੇ ਲਈ ਯੋਗਤਾਵਾਂ ਕੀ ਹਨ?

ਇਹ ਦੇਖੋ ਕਿ ਡਾਕਟਰ ਜਨਰਲ ਮੈਡੀਕਲ ਕਾਉਂਸਿਲ ਦੇ ਨਾਲ ਰਜਿਸਟਰਡ ਹਨ। ਵੈਬਸਾਇਟ ਇੱਥੇ ਦੇਖੋ www.gmc-uk.org ਜਾਂ ਕੱਲ ਕਰੋ 0161 923 6602।

ਜੇ ਇਹ ਪ੍ਰਕ੍ਰਿਆ ਨਰਸ ਦੁਆਰਾ ਕੀਤੀ ਜਾ ਰਹੀ ਹੈ, ਤਾਂ ਇਹ ਜਾਂਚ ਕਰੋ ਕਿ ਉਹ ਨਰਸਿੰਗ ਅਤੇ ਮਿਡਵਾਇਫਰੀ ਕਾਉਂਸਿਲ ਨਾਲ ਰਜਿਸਟਰਡ ਹਨ। ਵੈਬਸਾਇਟ ਇੱਥੇ ਦੇਖੋ **www.nmc-uk.org** ਜਾਂ ਕੱਲ ਕਰੋ 020 7637 7181।

## ਵੱਖ-ਵੱਖ ਕਿੰਨੇ ਲੋਕ ਤੁਹਾਡੇ ਬੇਟੇ ਨੂੰ ਦੇਖਭਾਲ ਅਤੇ ਸੇਵਾਵਾਂ ਮੁਹੱਈਆ ਕਰਵਾਉਣਗੇ?

ਕੀ ਡਾਕਟਰ, ਨਰਸਾਂ ਜਾਂ ਹੋਰ ਕਿਸਮ ਦਾ ਅਮਲਾ ਤੁਹਾਡੇ ਬੇਟੇ ਦੀ ਦੇਖਭਾਲ ਕਰਨਗੇ? ਕੀ ਸਾਇਟ ਤੇ ਡਾਕਟਰ ਮੌਜੂਦ ਹੋਏਗਾ?

## ਕੀ ਪ੍ਰਦਾਤਾ ਆਪਣੀਆਂ ਸੇਵਾਵਾਂ ਅਤੇ ਫੀਸਾਂ ਦਾ ਵਰਣਨ ਕਰਦੇ ਸਾਹਿਤ ਦੀ ਪੇਸ਼ਕਸ਼ ਕਰਦਾ ਹੈ?

ਇਸਨੂੰ ਪਹਿਲਾਂ ਹੀ ਦਿਖਾਏ ਜਾਣ ਲਈ ਕਹੋ ਅਤੇ ਕੋਈ ਵੀ ਚੀਜ਼ ਜਿਸਨੂੰ ਤੁਸੀਂ ਸਮਝਦੇ ਨਹੀਂ ਹੋ ਉਸਦਾ ਵਰਣਨ ਕੀਤੇ ਜਾਣ ਲਈ ਕਹੋ। ਪ੍ਰਸ਼ਨ ਪੁੱਛਣ ਲਈ ਡਰੋ ਨਾ।

## ਕੀ ਉਹ ਤੁਹਾਨੂੰ ਹੋ ਸਕਦੀਆਂ ਖਾਸ ਜ਼ਰੂਰਤਾਂ ਬਾਰੇ ਚਰਚਾ ਕਰਨ ਦੇ ਇਛੁੱਕ ਹਨ?

ਇਹ ਯਕੀਨੀ ਬਣਾਓ ਕਿ ਉਹ ਤੁਹਾਨੂੰ ਹੋ ਸਕਣ ਵਾਲੀ ਕਿਸੇ ਵੀ ਜ਼ਰੂਰਤ ਨੂੰ ਸੁਣਦੇ ਹਨ ਅਤੇ ਇਸ ਤੇ ਕਾਰਵਾਈ ਕਰਦੇ ਹਨ।

## ਕੀ ਉਪਲਬੱਧ ਦੇਖਭਾਲ ਅਤੇ ਸੇਵਾਵਾਂ ਦੇ ਬਾਰੇ ਪੁੱਛਗਿੱਛ ਕਰਦਿਆਂ ਤੁਹਾਡੇ ਨਾਲ ਸਤਿਕਾਰ ਨਾਲ ਵਿਹਾਰ ਕੀਤਾ ਜਾਂਦਾ ਹੈ? ਕੀ ਉਹ ਤੁਹਾਡੀਆਂ ਸਭਿਆਚਾਰਕ ਕਦਰਾਂ ਕੀਮਤਾਂ ਅਤੇ ਵਿਸ਼ਵਾਸ਼ਾਂ ਪ੍ਰਤੀ ਸੰਵੇਦਨਸ਼ੀਲ ਹਨ?

ਕਲੀਨਿਕਲ ਸੇਵਾਵਾਂ ਨੂੰ ਤੁਹਾਡੇ ਨਾਲ ਹਮੇਸ਼ਾ ਸਤਿਕਾਰ ਨਾਲ ਵਿਹਾਰ ਕਰਨਾ ਚਾਹੀਦਾ ਹੈ।

## ਉਹ ਛੁੱਟੀ ਮਿਲਣ ਤੋਂ ਬਾਅਦ ਦੀ ਕਿਸ ਤਰ੍ਹਾਂ ਦੀ ਦੇਖਭਾਲ ਪ੍ਰਦਾਨ ਕਰਦੇ ਹਨ?

ਤੁਹਾਨੂੰ ਸਰਵਿਸ ਵਿਖੇ ਘੱਟੋ ਘੱਟ 30 ਮਿੰਟ ਲਈ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਤੁਹਾਡੇ ਦੁਆਰਾ ਛੁੱਟੀ ਲੈ ਕੇ ਚਲੇ ਜਾਣ ਤੇ ਤੁਹਾਡੇ ਦੁਆਰਾ ਸੰਪਰਕ ਕੀਤੇ ਜਾਣ ਤੇ 24 ਘੰਟੇ ਅਮਲੇ ਦੀ ਉਪਲਬੱਧਤਾ ਵਾਲਾ ਇਕ ਹੈਲਪਲਾਈਨ ਨੰਬਰ ਮੁਹੱਈਆ ਕਰਵਾਉਣਾ ਚਾਹੀਦਾ ਹੈ ਜਾਂ ਅਮਲੇ ਦੇ ਕਿਸੇ ਮੈਂਬਰ ਦਾ ਨਾਮ ਦੱਸਣਾ ਚਾਹੀਦਾ ਹੈ।

## ਇਹ ਪ੍ਰਕ੍ਰਿਆਵਾਂ ਕਦੋਂ ਕੀਤੀਆਂ ਜਾਂਦੀਆਂ ਹਨ?

ਜੇਕਰ ਕੋਈ ਪ੍ਰਕ੍ਰਿਆ ਹਫ਼ਤੇ ਦੇ ਅੰਤ ਤੇ ਕੀਤੀ ਜਾਂਦੀ ਹੈ ਤਾਂ ਕੀ ਸੇਵਾ ਪ੍ਰਦਾਤਾ ਹਫ਼ਤੇ ਦੇ ਅਖੀਰਲੇ ਦਿਨਾਂ ਵਿਚ ਵੀ ਸਹਾਇਤਾ ਮੁਹੱਈਆ ਕਰਵਾਉਂਦਾ ਹੈ?

## ਪ੍ਰਦਾਤਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਸਬੰਧੀ ਗੋਪਨੀਯਤਾ ਨੂੰ ਕਿਸ ਤਰ੍ਹਾਂ ਯਕੀਨੀ ਬਣਾਉਂਦਾ ਹੈ?

ਉਨ੍ਹਾਂ ਨੂੰ ਸੁਰੱਖਿਅਤ ਕੰਪਿਊਟਰ ਜਾਂ ਰਿਕਾਰਡਾਂ ਦੀ ਪ੍ਰਣਾਲੀ ਦੀ ਵਰਤੋਂ ਕਰਨੀ ਚਾਹੀਦੀ ਹੈ।

## ਹਰੇਕ ਸੇਵਾ ਦੇ ਲਈ ਕੀ ਖਰਚੇ ਹਨ?

ਇਨ੍ਹਾਂ ਦੇ ਬਾਰੇ ਲਿਖਤੀ ਵਿਚ ਸਪੱਸ਼ਟ ਰੂਪ ਵਿਚ ਦੱਸਿਆ ਜਾਣਾ ਚਾਹੀਦਾ ਹੈ।

## ਕੀ ਇਹ ਖਰਚੇ ਉਨ੍ਹਾਂ ਖਰਚਿਆਂ ਸਮਾਨ ਹੀ ਹਨ ਜੋ ਕਿ ਹੋਰ ਪ੍ਰਦਾਤਿਆਂ ਦੁਆਰਾ ਸਮਾਨ ਸੇਵਾ ਦੇ ਲਈ ਵਸੂਲੇ ਜਾਂਦੇ ਹਨ?

ਤੁਹਾਨੂੰ ਖਰਚ ਦਾ ਪਤਾ ਲਗਾਉਣ ਲਈ ਕਈਂ ਸੇਵਾ ਪ੍ਰਦਾਤਿਆਂ ਨੂੰ ਪੁੱਛਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਤੁਹਾਡੇ ਤੇ ਖਰਚੇ ਕਿਵੇਂ ਲਗਾਏ ਜਾਣਗੇ?

ਕੀ ਤੁਹਾਡੀ ਦੇਖਭਾਲ ਯੋਜਨਾ ਦੇ ਨਾਲ ਸਬੰਧਤ ਸਾਰੀਆਂ ਲਾਗਤਾਂ ਅਤੇ ਭੁਗਤਾਨ ਦੇ ਵਿਕਲਪਾਂ ਦਾ ਇਕਸਾਰਤਾ ਨਾਲ ਵਰਣਨ ਕੀਤਾ ਜਾਵੇਗਾ ਅਤੇ ਤੁਹਾਡੇ ਬਿਲ ਵਿਚ ਦੱਸਿਆ ਜਾਵੇਗਾ?

ਤੁਹਾਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਤੁਸੀਂ ਪੇਸ਼ਗੀ ਭੁਗਤਾਨ ਕਰੋਗੇ ਜਾਂ ਬਾਅਦ ਵਿਚ ਬਿਲ ਪ੍ਰਾਪਤ ਕਰੋਗੇ।